# ਸੋਮਵਾਰ 2 ਦਸੰਬਰ 2019 ਤੋਂ ਐਤਵਾਰ 8 ਦਸੰਬਰ 2019 ਤੱਕ

**4.12.19 ਬੁੱਧਵਾਰ: - 4.30 ਵਜ਼ੇ: -** ਸਾਧ ਸੰਗਤ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ 4.30 ਵਜ਼ੇ ਹੋਣਗੇ, ਰਹਿਰਾਸ ਦੇ ਪਾਠ ਉਪਰੰਤ ਦੀਵਾਨ ਸੱਜਣਗੇ ਹਜ਼ੂਰੀ ਜਥਾ ਕੀਰਤਨ ਕਰੇਗਾ ਬਾਅਦ ਵਿਚ ਹੈਡ ਗ੍ਰੰਥੀ ਗਿਆਨੀ ਗੁਰਮੀਤ ਸਿੰਘ ਜੀ ਕਥਾ ਕਰਨਗੇ ਅਤੇ ਸਾਰੀ ਹੋਵੇਗੀ

**ਦੇਗਾਂ ਦੀਆਂ ਸੇਵਾਵਾਂ** ਦੇਗਾਂ ਦੀਆਂ ਸੇਵਾਵਾਂ: -ਸ੍ਰ: ਅਮਰਜੀਤ ਸਿੰਘ, ਸ੍ਰ: ਹਰਜਿੰਦਰ ਸਿੰਘ ਅਤੇ ਬੀਬੀ ਤਰਸੇਮ ਕੌਰ, ਬੀਬੀ ਪਵਨਦੀਪ ਕੌਰ, ਸ ਬਿਕ੍ਰਮਜੀਤ ਸਿੰਘ ਥਾਂਦੀ ਅਤੇ ਬੀਬੀ ਰਣਜੀਤ ਕੌਰ ਅਤੇ ਸ੍ਰ ਸੁਚਾ ਸਿੰਘ ਬੈਂਸ ਪਰਿਵਾਰਾਂ ਵਲੋਂ ਹੋਣਗੀਆਂ ।

## 5.12.19 ਵੀਰਵਾਰ: -

**6.00 ਵੱਜ਼ੇ: -** ਰਹਿਰਾਸ ਸਾਹਿਬ ਦੇ ਪਾਠ ਹੋਣਗੇ ਉਪਰੰਤ ਹਜ਼ੂਰੀ ਜਥਾ ਸ਼ਬਦ ਕੀਰਤਨ ਕਰੇਗਾ ਅਤੇ ਸਾਰੀ ਸੇਵਾ ਹੋਵੇਗੀ ।

## 6.12.19 ਸ਼ੁਕਰਵਾਰ: -

**10.00 ਵਜ਼ੇ: -** ਸਾਧ ਸੰਗਤ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ 10.00 ਵਜ਼ੇ ਅਰੰਭ ਹੋਣਗੇ ਸਾਰੀ ਸੇਵਾ ਹੋਵੇਗੀ ।

**ਦੇਗਾਂ ਦੀਆਂ ਸੇਵਾਵਾਂ: -** ਸ: ਸੁਰਜੀਤ ਸਿੰਘ ਸੇਖੋਂ, ਸ: ਸੁਰਜੀਤ ਸਿੰਘ ਸ਼ੇਰਗਿੱਲ ਤੇ ਬੀਬੀ ਗੁਰਦੀਪ ਕੌਰ ਸ਼ੇਰਗਿੱਲ, ਸ: ਅਵਤਾਰ ਸਿੰਘ ਤੇ ਬੀਬੀ ਕੁਲਵਿੰਦਰ ਕੌਰ ਪੁਰੇਵਾਲ, ਬੀਬੀ ਸੁਰਿੰਦਰ ਕੌਰ ਪੁਰੇਵਾਲ, ਸ: ਕਸ਼ਮੀਰ ਸਿੰਘ ਤੇ ਬੀਬੀ ਸੁਰਿੰਦਰ ਕੌਰ ਨਾਗਰਾ, ਸ: ਸੇਵਾ ਸਿੰਘ ਅੱਟਾ ਤੇ ਬੀਬੀ ਅਵਤਾਰ ਕੌਰ ਅੱਟਾ, ਬੀਬੀ ਅਮਰਜੀਤ ਕੌਰ ਸੰਧੂ ਤੇ ਸ: ਗੁਰਦੇਵ ਸਿੰਘ ਔਲਖ, ਸ: ਛਿੰਦਾ ਸਿੰਘ ਥਾਂਦੀ, ਸ: ਹਰਬੰਸ ਸਿੰਘ ਨਿੱਝਰ, ਸ: ਇੰਦਰਜੀਤ ਸਿੰਘ ਬੀਬੀ ਪ੍ਰਮਜੀਤ ਕੌਰ ਤੇ ਸਵ: ਸ: ਨਿਰਮਲ ਸਿੰਘ ਪੁਰੇਵਾਲ, ਸ ਬਲਵਿੰਦਰ ਸਿੰਘ ਜੌਹਲ ਤੇ ਬੀਬੀ ਮਲਵਿੰਦਰ ਕੌਰ ਸੇਖੋਂ ਦੇ ਪ੍ਰੀਵਾਰਾਂ ਵਲੋਂ ਹੋਣਗੀਆਂ।

## 7.12.19 ਸ਼ਨਿਚਰਵਾਰ: - 4.00 ਵਜ਼ੇ: - ਸ਼ਾਮ ਨੂੰ ਬੀਬੀਆਂ ਸਿਮਰਨ ਕਰਨਗੀਆਂ ।

## 8.12.19 ਐਤਵਾਰ: -

**8.30 ਵਜ਼ੇ:** -ਸਾਧ ਸੰਗਤ ਵੱਲੋਂ ਰਖਾਏ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 8.30 ਵਜ਼ੇ ਪੈਣਗੇ ਉਪਰੰਤ ਸ ਮਲਕੀਤ ਸਿੰਗ ਗਿੱਲ ਅਤੇ ਪਰਿਵਾਰ ਵੱਲੋਂ ਸੁਕਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਸਾਰੀ ਸੇਵਾ ਹੋਵੇਗੀ, ਬਾਅਦ'ਚ ਹਜ਼ੂਰੀ ਜਥਾ ਕੀਰਤਨ ਕਰੇਗਾ, ਸਤਿਕਾਰਯੋਗ ਹੈਡ ਗ੍ਰੰਥੀ ਗਿਆਨੀ ਗੁਰਮੀਤ ਸਿੰਘ ਜੀ ਕਥਾ ਕਰਨਗੇ

**ਦਸੰਬਰ**

**12 ਦਸੰਬਰ ਜਨਮ ਦਿਨ ਸਾਹਿਬਜ਼ਾਦਾ ਫਤਿਹ ਸਿੰਘ ਜੀ**

**14 ਦਸੰਬਰ ਸੰਗ੍ਰਾਂਦ ਪੋਹ ਦੀ**

**21 ਦਸੰਬਰ ਸ਼ਹੀਦੀ ਵੱਡੇ ਸਾਹਿਬਜ਼ਾਦੇ**

**26 ਦਸੰਬਰ ਜਨਮ ਦਿਨ ਸ਼ਹੀਦ ਸ ਊਧਮ ਸਿੰਘ ਜੀ**

**26-28 ਦਸੰਬਰ ਸ਼ਹੀਦੀ ਛੋਟੇ ਸਾਹਿਬਜ਼ਾਦੇ**

**24 December Christmas Eve**

**25 December Christmas Day**

**26 December Boxing Day**

**29 December 2019 martyrdom of Sahibzada Zoravar Singh and Fateh Singh, holiday in Punjabi school and Dharmic Kavi Darbar**

**1 January 2020 New Year's Day**

**5 ਜਨਵਰੀ 2020 ਢਾਡੀ ਭਾਈ ਜਰਨੈਲ ਸਿੰਘ ਜੀ ਦਾ ਜਥਾ ਹਾਜ਼ਰੀ ਭਰੇਗਾ।**

# ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਕਿਵੇਂ ਮਨਾਈਏ?

ਸੁਖਦੇਵ ਸਿੰਘ ਲਾਜ, ਲੁਧਿਆਣਾ, ਮੋਬਾ: 98551-73732

ਸੰਨ 1969 ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ 500ਵਾਂ ਪ੍ਰਕਾਸ਼ ਪੁਰਬ ਬਹੁਤੇ ਸੋਹਣੇ ਢੰਗ ਨਾਲ ਮਨਾਇਆ ਗਿਆ ਸੀ। ਸ੍ਰੀ ਅੰਮ੍ਰਿਤਸਰ ਵਿਖੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਸਥਾਪਤ ਕੀਤੀ ਗਈ ਜੋ ਅੱਜ ਆਪਣੀ ਇਕ ਪਛਾਣ ਬਣ

ਚੁਕੀ ਹੈ। ਉਸ ਸਮੇਂ ਪਹਿਲੀ ਵਾਰ ਇਕ ਧਾਰਮਿਕ ਫਿਲਮ "ਨਾਨਕ ਨਾਮ ਜਹਾਜ਼ ਹੈ" ਬਣਾਈ ਗਈ ਜੋ ਬਹੁਤ ਪ੍ਰਵਾਨ ਹੋਈ ਤੇ ਪਿੱਛੋਂ ਲਗਾਤਾਰ ਕਈ ਧਾਰਮਿਕ ਫਿਲਮਾਂ ਬਣੀਆਂ।ਹੁਣ 2019 ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂਪ੍ਰਕਾਸ਼ ਉਤਸਵ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਅਨੇਕਾਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਤੇ ਸਰਕਾਰਾਂ ਵੱਲੋਂ ਸਮੁਚੇ ਦੇਸ਼ ਅਤੇ ਵਿਦੇਸ਼ਾਂ ਵਿਚ ਮਨਾਇਆ ਜਾ ਰਿਹਾ ਹੈ। ਪ੍ਰਕਾਸ਼ ਉਤਸਵ ਮਨਾਉਂਦੇ ਹੋਏ ਸਾਨੂੰ ਗੁਰੂ ਨਾਨਕ ਸਾਹਿਬ ਦੇ ਵਰੋਸਾਏ ਨਾਨਕ ਪੰਥੀਆਂ ਨੂੰ ਜੇ ਸਮੁਚਾ ਪੰਥ ਆਪਣੇ ਕਲਾਵੇ ਵਿਚ ਲੈ ਲਵੇ ਤਾਂ ਹੋਰ ਵੱਡੀ ਪ੍ਰਾਪਤੀ ਨਹੀਂ ਹੋਵੇਗੀ ਅਤੇ ਇਹ ਸਹੀ ਦਿਸ਼ਾ ਵਿਚ ਕਦਮ ਹੋਵੇਗਾ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਪਣੀਆਂ ਵੱਖ-ਵੱਖ ਦਿਸ਼ਾਵਾਂ ਵੱਲ ਕੀਤੀਆਂ ਉਦਾਸੀਆਂ ਦੌਰਾਨ, ਦੱਬੇ ਕੁਚਲੇ ਸਮਾਜ ਵੱਲੋਂ ਜਿਨ੍ਹਾਂ ਨੂੰ ਨੀਵੀਆਂ ਜਾਤਾਂ ਵਾਲੇ ਕਹਿ ਕੇ ਨਫਰਤ ਕੀਤੀ ਜਾਂਦੀ ਰਹੀ ਹੈ ਉਨ੍ਹਾਂ ਨੂੰ ਆਪਣੀ ਗਲਵਕੜੀ ਵਿਚ ਲੈ ਕੇ ਕਲੇਜੇ ਨਾਲ ਲਾਇਆ। ਉਚੀਆਂ ਜਾਤਾਂ ਦਾ ਘੁਮੰਡ ਪਾਲਣ ਵਾਲਿਆਂ ਨੂੰ ਸੰਬੋਧਤ ਕਰਦੇ ਹੋਏ ਇਹ ਐਲਾਨ ਕਰ ਦਿਤਾ ਕਿ ਜਿਨ੍ਹਾਂ ਨੂੰ ਤੁਸੀਂ ਨੀਵਾਂ ਸਮਝਦੇ ਹੋ, ਨਫਰਤ ਕਰਦੇ ਹੋ, ਮੈਂ ਉਨ੍ਹਾਂ ਨਾਲ ਖੜ੍ਹਾ ਹਾਂ। (ਉਹ ਮੇਰੇ ਹਨ ਅਤੇ ਮੈਂ ਉਨ੍ਹਾਂ ਦਾ ਹਾਂ) ਮੇਰਾ ਉੱਚ ਜਾਤਾਂ ਦਾ ਘੁਮੰਡ ਪਾਲਣ ਵਾਲਿਆਂ ਨਾਲ ਕੋਈ ਵਾਸਤਾ ਨਹੀਂ, ਕੋਈ ਰੀਸ ਨਹੀਂ ਆਪ ਫੁਰਮਾਂਦੇ ਹਨ:

"ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚ।।

ਨਾਨਕ ਤਿਨ ਕੈ ਸੰਗਿ ਸਾਥਿ ਵੱਡਿਆ ਸਿਉ ਕਿਆ ਰੀਸ॥॥"

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀਆਂ ਉਦਾਸੀਆਂ ਦੌਰਾਨ ਦੂਰ-ਦੁਰਾਡੇ ਜਿੱਥੇ ਵੀ ਗਏ ਸੰਗਤਾਂ ਨੇ ਉਨ੍ਹਾਂ ਦਾ ਪ੍ਰਭਾਵ ਕਬੂਲਿਆ। ਗੁਰੂ ਨਾਨਕ ਸਾਹਿਬ ਨੇ ਇਹਨਾਂ ਸਭ ਸਥਾਨਾਂ 'ਤੇ ਸੰਗਤਾਂ/ਸੰਸਥਾਵਾਂ ਕਾਇਮ ਕੀਤੀਆਂ ਜਿਹਨਾਂ ਨੂੰ " ਨਾਨਕਪੰਥੀ" ਕਿਹਾ ਜਾਣ ਲੱਗ ਪਿਆ। ਸ: ਮਹਿੰਦਰ ਸਿੰਘ ਜੋਸ਼ ਨੇ ਆਪਣੇ ਇਕ ਲੇਖ ਵਿਚ ਲਿਖਿਆ ਹੈ "ਦੂਜਿਆਂ ਮਤ ਵਾਲਿਆਂ ਦੀ ਕਲਮ(ਮਿਰਜ਼ਾਗੁਲਾਮ ਅਹਿਮਦ ਕਾਦੀਆਂ) ਇਹ ਮੰਨਦੀ ਹੈ ਕਿ ਗੁਰੂ ਸਾਹਿਬ ਨੇ 3 ਕਰੋੜ ਦੇ ਲਗਭਗ ਲੋਕਾਂ ਨੂੰ ਖੁਦ ਗੁਰਦੀਖਿਆ ਦਿੱਤੀ।ਡਾ: ਦਲਵਿੰਦਰ ਸਿੰਘ (ਗਰੇਵਾਲ) ਅਤੇ ਸ: ਮਲਕੀਤ ਸਿੰਘ (ਸੱਗੂ) ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਦੇ ਛਪੇ ਲੇਖਾਂ ਅਨੁਸਾਰ ਨਾਨਕ ਪੰਥੀਆਂ ਦੀ ਗਿਣਤੀ 12 ਕਰੋੜ ਹੈ ਜਦ ਕਿ ਡਾ: ਹਰਪ੍ਰੀਤ ਕੌਰ(ਖੁਰਾਣਾ) ਵੱਲੋਂ ਇਨ੍ਹਾਂ ਦੀ ਗਿਣਤੀ 15 ਕਰੋੜ ਦੱਸ ਕੇ ਇਕ ਕਿਤਾਬ ਵੀ ਛਾਪੀ ਹੈ। ਭਾਈ ਕਾਨ੍ਹ ਸਿੰਘ ਨਾਭਾ ਦੇ ਰਚਿਤ ਮਹਾਨ ਕੋਸ਼ ਅਨੁਸਾਰ ਨਾਨਕ ਪੰਥੀ ਸ਼ਬਦ ਦੀ ਵਿਆਖਿਆ ਇਸ ਤਰ੍ਹਾਂ ਤਰ੍ਹਾਂ ਕੀਤੀ ਹੈ। ਨਾਨਕ ਪੰਥੀ: " ਸਤਿਗੁਰੂ ਨਾਨਕ ਦੇਵ ਜੀ ਦੇ ਦੱਸੇ ਰਾਹ ਤੇ ਤੁਰਨ ਵਾਲਾ ਗੁਰਸਿੱਖ ਹੈ। ਗੁਰੂ ਨਾਨਕ ਪੰਥੀ ਵਿਚ ਭਾਵੇਂ ਬਹੁਤ ਫਿਰਕੇ ਇਸ ਵੇਲੇ ਵੇਖੇ ਜਾਂਦੇ ਹਨ ਪਰ ਮੁੱਖ ਤਿੰਨ ਹੀ ਹਨ, ਅਰਥਾਤ: ਉਦਾਸੀ, ਸਹਿਜਧਾਰੀ ਅਤੇ ਸਿੰਘ (ਜਿਨ੍ਹਾਂ ਵਿਚ ਨਿਹੰਗ, ਨਿਰਮਲੇ, ਕੂਕੇ) ਆਦਿ ਸ਼ਾਮਲ ਹਨ।"

ਜਦ ਸਾਹਿਬ ਸ੍ਰੀ ਗੁਰ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਿਰਜਨਾ ਕੀਤੀ ਤਾਂ ਉਸ ਸਮੇਂ ਸਜੇ ਦੀਬਾਨ ਵਿਚ ਦੂਰ ਦੁਰਾਡੇ ਤੋਂ ਸਿੱਖ ਸੰਗਤਾਂ ਨੇ ਹਿੱਸਾ ਲਿਆ ਜਿਨ੍ਹਾਂ ਵਿਚ ਨਾਨਕ ਪੰਥੀ ਵੀ ਸ਼ਾਮਲ ਹੋਏ ਸਨ। ਉਸ ਸਮੇਂ ਸਜੇ ਪੰਜ

ਪਿਆਰਿਆਂ ਦਾ ਵੇਰਵਾ ਇਸ ਪ੍ਰਕਾਰ ਹੈ:

1. ਲਾਹੌਰ ਤੋਂ ਭਾਈ ਦਇਆ ਸਿੰਘ ਜੀ
2. ਹਸਤਾਪੁਰ, ਯੂਪੀ ਤੋਂ ਭਾਈ ਧਰਮ ਸਿੰਘ ਜੀ
3. ਗੁਜਰਾਤ ਤੋ ਭਾਈ ਮੋਹਕਮ ਸਿੰਘ ਜੀ
4. ਜਗਨਨਾਥ ਪੁਰੀ, ਉੜੀਸਾ ਤੋਂ ਭਾਈ ਹਿੰਮਤ ਸਿੰਘ ਜੀ
5. ਬਿਦਰ, ਕਟਨਾਟਕਾ ਤੋਂ ਭਾਈ ਸਾਹਿਬ ਸਿੰਘ ਜੀ

ਅੱਜ ਸਿੱਖ ਕੌਮ ਨੂੰ ਵਿਸਥਾਰ ਅਤੇ ਵਿਕਾਸ ਲਈ ਕੁਝ ਅਣਗੌਲੇ ਭੁੱਲੇ ਵਿਸਰੇ ਅਤੇ ਬਿਖਰੇ ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਵਿਚ ਵੱਸ ਰਹੇ ਨਾਨਕ ਨਾਮਲੇਵਾ ਵੱਲ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ, ਜਿਨ੍ਹਾਂ ਵਿਚ "ਨਾਨਕ ਪੰਥੀ" ਇਕ ਵੱਡਾ ਖੇਤਰ ਹੈ।ਕਿਸੇ ਬਾਗ ਵਿਚ ਪੰਜ ਜਾਂ ਦਸ ਤਰ੍ਹਾਂ ਦੇ ਦਰੱਖਤ ਹੋ ਸਕਦੇ ਹਨ ਪਰ ਨਰਸਰੀਆਂ ਵਿਚੋਂ ਸੈਂਕੜੇ ਕਿਸਮਾਂ ਦੇ ਬੂਟੇ ਲਿਆ ਕੇ ਬਾਗਾਂ ਨੂੰ ਹਰਿਆ ਭਰਿਆ ਕੀਤਾ ਜਾ ਸਕਦਾ ਹੈ। ਅਜੋਕੇ ਸਮੇਂ ਸਾਨੂੰ ਸਿਕਲੀਗਰ, ਵਣਜਾਰੇ, ਸਤਿਨਾਮੀ,ਸਿੰਧੀ; ਉਦਾਸੀ, ਨਿਰਮਲੇ, ਜੌਹਰੀ, ਅਗੇਰੀ, ਮੁਖ ਨਾਨਕ ਪੰਥੀਆਂ ਦੇ ਰੂਪ ਵਿਚ ਸਿੱਖ ਕੌਮ ਦੀ ਵੱਡਮੁਲੀ ਪਨੀਰੀ ਨਰਸਰੀ ਦੇ ਬੂਟੇ ਹੀ ਹਨ। ਇਸ ਲੇਖ ਨੂੰ ਸੰਖੇਪ ਰੱਖਣ ਲਈ ਅਸੀਂ ਸਿਰਫ ਸਿਕਲੀਗਰ, ਵਣਜਾਰੇ ਅਤੇ ਸਤਿਨਾਮੀ ਨਾਨਕ ਪੰਥੀਆਂ ਦਾ ਜ਼ਿਕਰ ਕਰਾਂਗੇ।

ਅੱਗਲੇ ਹਫਤੇ ਵਣਜਾਰਿਆਂ ਵਾਰੇ ਲੇਖ